
# ਨਾਰਕੋ ਟੈਸਟ

(ਹਾਸ ਵਿਅੰਗ)



ਦਵਿੰਦਰ ਸਿੰਘ ਗਿੱਲ

# ਆਪਣੇ ਵੱਲੋਂ

ਨਿਰੋਲ ਹਾਸ ਵਿਅੰਗ ਦਾ ਇਹ ਮੇਰਾ ਪਹਿਲਾ ਸੰਗ੍ਰਿਹ ਹੈ । ਇਹਨਾਂ ਵਿੱਚੋਂ ਕੁਝ ਹਾਸ ਵਿਅੰਗ "ਪੰਜਾਬੀ ਟ੍ਰਿਬਿਊਨ" ਵਿੱਚ ਛਪ ਚੁੱਕੇ ਹਨ ਅਤੇ ਕੁਝ ਬਿਲਕੁਲ ਨਵੇਂ ਹਨ । ਜਿਹੜੇ ਵਿਅੰਗ ਅਖਬਾਰ ਵਿੱਚ ਛਪੇ , ਉਹਨਾਂ ਨੂੰ ਪਾਠਕਾਂ ਨੇ ਭਰਵਾਂ ਹੁੰਗਾਰਾ ਦਿੱਤਾ ।

ਹਥਲੇ ਸੰਗ੍ਰਿਹ ਦਾ ਟਾਈਟਲ "ਨਾਰਕੋ ਟੈਸਟ" , ਇੱਕ ਅਜਿਹਾ ਮਨੋਵਿਗਿਆਨਕ ਟੈਸਟ ਹੂੰਦਾ ਹੈ ਜਿਸ ਵਿੱਚ ਮੰਨਿਆ ਜਾਂਦਾ ਹੈ ਕਿ ਇਨਸਾਨ ਨਾ ਚਾਹੁੰਦੇ ਹੋਏ ਵੀ ਸੱਚ ਹੀ ਬੋਲਦਾ ਹੈ ।ਸੋ ਇਸ ਪ੍ਰਤੀਕ ਰਾਹੀਂ ਸਮਾਜ ਦੇ ਵੱਖ ਵੱਖ ਪਾਤਰਾਂ ਨੂੰ ਚੁਣ ਕੇ ਵਿਅੰਗ ਸਿਰਜਣ ਦੀ ਕੋਸ਼ਿਸ਼ ਕੀਤੀ ਗਈ ਹੈ ।ਹਾਸ ਵਿਅੰਗ ਦਾ ਮਨੋਰਥ ਜਿੱਥੇ ਸਮਾਜ ਦੀ ਦੁਖਦੀ ਰਗ ਤੇ ਹੱਥ ਰੱਖਣਾ ਹੁੰਦਾ ਹੈ ਉੱਥੇ ਹੀ ਕਿਸੇ ਦਾ ਦਿਲ ਦੁਖਾਉਣਾ ਤਾਂ ਬਿਲਕੁਲ ਵੀ ਨਹੀਂ ਹੁੰਦਾ । ਉਮੀਦ ਹੈ ਇਹ ਸੰਗ੍ਰਿਹ ਪਾਠਕਾਂ ਨੂੰ ਕੁਝ ਸਮਾਂ ਤਾਂ ਮੁਸਕਰਾਉਣ ਲਈ ਮਜਬੂਰ ਕਰੇਗਾ ਹੀ । ਬਾਕੀ ਕਿੰਨਾ ਕੁ ਚੰਗਾ ਲਿਖਿਆ ਗਿਆ , ਇਹ ਤਾਂ ਪਾਠਕਾਂ ਨੇ ਹੀ ਦੱਸਣਾ ਹੁੰਦਾ ਹੈ।

ਇਸ ਹਾਸ ਵਿਅੰਗ ਸੰਗ੍ਰਿਹ ਵਿੱਚ ਕੁੱਲ ਛੱਬੀ ਨਿੱਕੇ ਵੱਡੇ ਵਿਅੰਗ ਸ਼ਾਮਲ ਹਨ । ਹਰ ਵਿਅੰਗ ਵਿੱਚ ਪਾਠਕ ਨੂੰ ਹਲੂਣਨ ਅਤੇ ਹਸਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ।ਵਿਸ਼ੇ ਪੱਖ ਤੋਂ ਵੀ ਵੰਨ ਸੁਵੰਨਤਾ ਬਰਕਰਾਰ ਰੱਖਣ ਦੀ ਕੋਸ਼ਿਸ਼ ਕੀਤੀ ਗਈ ਹੈ । ਕੁਝ ਵਿਅੰਗ ਸਮੇਂ ਸਮੇਂ ਵਾਪਰੀਆਂ ਕੁਝ ਮਹੱਤਵਪੂਰਨ ਘਟਨਾਵਾਂ, ਜਿਵੇਂ ਲੇਖਕਾਂ ਵੱਲੋਂ ਇਨਾਮਾਂ ਦੀ ਵਾਪਸੀ ਜਾਂ ਹੜ੍ਹ ਪੀੜਤਾਂ ਦੀ ਮੱਦਦ ,ਆਦਿ ਨੂੰ ਅਧਾਰ ਬਣਾ ਕੇ ਲਿਖੇ ਗਏ ਹਨ । ਲੌਕ ਡਾਊਨ ਨੂੰ ਅਧਾਰ ਬਣਾ ਕੇ ਲਿਖੇ ਗਏ ਪੰਜ ਵਿਅੰਗ ਇਸ ਸੰਗ੍ਰਿਹ ਵਿੱਚ ਸ਼ਾਮਲ ਹਨ ਹਾਲਾਂ ਕਿ ਇਹ ਮੰਨਿਆ ਜਾਂਦਾ ਹੈ

ਕਿ ਲੌਕ ਡਾਊਨ ਵਰਗੇ ਵਿਸ਼ੇ ਤੇ ਹੱਸਿਆ ਨਹੀਂ ਜਾ ਸਕਦਾ । ਪਰ ਜਿੰਦਗੀ ਦੀਆਂ ਤਲਖੀਆਂ ਵਿੱਚੋਂ ਵੀ ਹਾਸਾ ਲੱਭਿਆ ਜਾ ਸਕਦਾ ਹੈ ।ਅਜੋਕੀ ਜਿੰਦਗੀ ਬੇਹੱਦ ਗੁੰਝਲਦਾਰ ਅਤੇ ਤਨਾਓ ਪੂਰਨ ਬਣੀ ਪਈ ਹੈ ।ਅਜਿਹੇ ਸਮੇਂ ਵਿੱਚ ਹਰ ਇਨਸਾਨ ਕੁਝ ਸਮੇਂ ਲਈ ਹੀ ਸਹੀ , ਹੱਸਣਾ ਜਰੂਰ ਚਾਹੁੰਦਾ ਹੈ ।ਅਜੋਕਾ ਇਨਸਾਨ ਐਨਾ ਅਸਹਿਣਸ਼ੀਲ ਹੁੰਦਾ ਜਾ ਰਿਹਾ ਹੈ ਕਿ ਨਿੱਕੀ ਨਿੱਕੀ ਗੱਲ ਤੇ ਲੜਨ ਨੂੰ ਆਉਂਦਾ ਹੈ । ਹਾਸਾ ਮਜਾਕ ਦੁਰਲੱਭ ਚੀਜ ਬਣਦਾ ਜਾ ਰਿਹਾ ਹੈ । ਇਹ ਕਿਤਾਬ ਗੰਭੀਰ ਗੱਲਾਂ ਨੂੰ ਹਾਸੇ ਦਾ ਤੜਕਾ ਲਾਉਣ ਦੀ ਕੋਸ਼ਿਸ਼ ਹੈ ।

ਦਵਿੰਦਰ ਸਿੰਘ ਗਿੱਲ

ਮੁਹੱਲਾ ਨਾਨਕਪੁਰਾ , ਗਲੀ ਨੰ: 1 ਦੋਸਾਂਝ ਰੋਡ , ਮੋਗਾ।

ਮੋਬਾਇਲ ਨੰਬਰ : 98550-73018

E-Mail : gilldavinder2010@gmail.com

**ਹੁਣ ਤੱਕ ਛਪੀਆਂ ਪੁਸਤਕਾਂ**

1. ਜਾਗਦੇ ਰਹੋ { ਇਕਾਂਗੀ ਸੰਗ੍ਰਿਹ}
2. ਮਿਰਜਾ ਸਾਹਿਬਾਂ ਇਨ ਟਵੰਟੀ ਫਸਟ ਸੈਂਚੁਰੀ { ਹਾਸ ਕਵਿਤਾ }
3. ਇਸ਼ਕ ਰੀਮਿਕਸ { ਤਿੰਨ ਵੱਡੇ ਨਾਟਕ}
4. ਇੱਕ ਬਟਾ ਜੀਰੋ { ਵਿਗਿਆਨ ਨਾਟਕ ਸੰਗ੍ਰਿਹ}
5. ਐਲਿਸ ਐਂਡ ਪੱਪੂ ਇੰਨ ਵੰਡਰਲੈਂਡ { ਹਾਸ ਵਿਅੰਗ ਨਾਵਲ , ਈ-ਬੁੱਕ @notnul.com}
6. ਕਾਠ ਕੀ ਪੁਤਲੀ { ਨਾਟਕ , ਈ-ਬੁੱਕ @notnul.com }